
iA ਸਹਿਭਾਗੀ ਜੀਵਨ ਬੀਮਾ (iA PAR)

LIFE INSURANCE

# ਤੁਹਾਡੀ ਸੰਪਤੀ ਵਿੱਚ ਵਾਧੇ ਨੂੰ ਯਕੀਨੀ ਬਣਾਉਣਾ



iA Financial Group

# iA PAR

## ਤਾਕਤ
## ਅਨੁਸ਼ਾਸਨ
## ਸਥਿਰਤਾ

ਤੁਸੀਂ ਸਥਾਈ ਜੀਵਨ ਬੀਮਾ ਕਵਰੇਜ ਦੀ ਭਾਲ ਕਰ ਰਹੇ ਹੋ ਜੋ ਤੁਹਾਨੂੰ ਤੁਹਾਡੀ ਸੰਪਤੀ ਦੇ ਵਾਧੇ ਨੂੰ ਯਕੀਨੀ ਬਣਾਉਣ, ਤਰਲਤਾ ਦੇ ਸਰੋਤ ਤੱਕ ਪਹੁੰਚ ਕਰਨ ਅਤੇ ਤੁਹਾਡੇ ਨਿਵੇਸ਼ਾਂ ਵਿੱਚ ਵਿਭਿੰਨਤਾ ਪ੍ਰਦਾਨ ਕਰਨ ਦੀ ਇਜਾਜ਼ਤ ਦੇਵੇਗਾ। iA ਪਾਰਟਿਸਿਪੇਟਿੰਗ ਜੀਵਨ ਬੀਮਾ (iA PAR)[1] ਤੁਹਾਡੀਆਂ ਸਾਰੀਆਂ ਉਮੀਦਾਂ ਨੂੰ ਪੂਰਾ ਕਰੇਗਾ। ਤੁਹਾਡੇ ਉਦੇਸ਼ਾਂ ਦੇ ਮੁਤਾਬਕ, ਤੁਹਾਨੂੰ ਪੇਸ਼ ਕੀਤੇ ਗਏ ਦੋਵਾਂ ਸੰਸਕਰਣਾਂ ਵਿੱਚੋਂ ਤੁਸੀਂ ਕਿਸੇ ਇੱਕ ਦੀ ਚੋਣ ਕਰ ਸਕਦੇ ਹੋ।



[1] iA ਪਾਰਟਿਸਿਪੇਟਿੰਗ ਜੀਵਨ ਬੀਮਾ ਨੂੰ iA PAR ਵਜੋਂ ਵੀ ਜਾਣਿਆ ਜਾਂਦਾ ਹੈ।

## iA PAR ਐਸਟੇਟ

ਹੇਠ ਲਿੱਖਿਆਂ ਲਈ ਤੁਹਾਡਾ ਸਰਬੋਤਮ ਸਮਾਧਾਨ:

— ਜੀਵਨ ਭਰ ਤੁਹਾਡੀ ਸੰਪਤੀ ਦੇ ਵਾਧੇ ਨੂੰ ਵਧਾਉਣਾ

— ਮੌਤ ਹੋਣ 'ਤੇ ਤੁਹਾਡੀ ਸੰਪਤੀ 'ਤੇ ਟੈਕਸ ਦੇ ਪ੍ਰਭਾਵ ਨੂੰ ਸੀਮਤ ਕਰਨਾ

— ਰਿਟਾਇਰਮੈਂਟ ਦੀ ਆਮਦਨ ਨੂੰ ਪੂਰਕ ਕਰਨ ਲਈ ਲੰਬੇ ਸਮੇਂ ਦੀ ਤਰਲਤਾ ਦਾ ਇੱਕ ਸਰੋਤ ਤਿਆਰ ਕਰਨਾ, ਉਦਾਹਰਨ ਵਜੋਂ

— ਆਪਣੇ ਬੱਚਿਆਂ ਜਾਂ ਪੋਤੇ-ਪੋਤੀਆਂ ਲਈ ਇੱਕ ਮਜ਼ਬੂਤ ਵਿੱਤੀ ਬੁਨਿਆਦ ਪ੍ਰਦਾਨ ਕਰਨਾ ਅਤੇ ਉਹਨਾਂ ਦੀ ਭਵਿੱਖੀ ਬੀਮਾ ਯੋਗਤਾ ਦੀ ਰੱਖਿਆ ਕਰਨਾ

## iA PAR ਵੈਲਥ

ਹੇਠ ਲਿੱਖਿਆਂ ਲਈ ਤੁਹਾਡਾ ਸਰਬੋਤਮ ਸਮਾਧਾਨ:

— ਕਿਸੇ ਕਾਰਪੋਰੇਸ਼ਨ ਜਾਂ ਆਮਦਨ ਕਮਾਉਣ ਵਾਲੀਆਂ ਸੰਪਤੀਆਂ ਵਿੱਚ ਮੁੜ ਨਿਵੇਸ਼ ਕਰਨ ਲਈ ਥੋੜ੍ਹੇ ਸਮੇਂ ਦੀ ਤਰਲਤਾ ਦੇ ਸਰੋਤ ਤੱਕ ਪਹੁੰਚ ਕਰੋ, ਉਦਾਹਰਨ ਵਜੋਂ

— ਨਿਵੇਸ਼ ’ਤੇ ਤੇਜ਼ੀ ਨਾਲ ਰਿਟਰਨ ਕਮਾਉਣ ਲਈ

— ਆਪਣੀ ਸੰਪਤੀਆਂ ਵਿੱਚ ਵਿਭਿੰਨਤਾ ਬਣਾਕੇ ਆਪਣੀ ਕਾਰਪੋਰੇਸ਼ਨ ਦੀ ਬੈਲੇਂਸ ਸ਼ੀਟ ਨੂੰ ਮਜ਼ਬੂਤ ਕਰਨ ਲਈ

— ਤੁਹਾਡੇ ਜੀਵਨ ਕਾਲ ਦੌਰਾਨ ਤੁਹਾਡੀ ਦੌਲਤ ਦੇ ਵਾਧੇ ਅਤੇ ਤੁਹਾਡੀ ਸੰਪਤੀ ਦੇ ਕੁੱਲ ਮੁੱਲ ਦੀ ਗਰੰਟੀ ਲਈ



## iA FINANCIAL GROUP ਨੰਬਰਾਂ ਵਿੱਚ

1892 ਤੋਂ ਇਕ ਮਜ਼ਬੂਤ, ਭਰੋਸੇਮੰਦ ਕੰਪਨੀ। iA Financial Group ਕਨੇਡਾ ਦੀਆਂ ਸਭ ਤੋਂ ਵੱਡੀਆਂ ਪਬਲਿਕ ਕੰਪਨੀਆਂ ਵਿੱਚੋਂ ਇਕ ਹੈ।

ਟੋਰੰਟੋ ਸਟਾਕ ਐਕਸਚੇਂਜ ਵਿੱਚ 3 ਫਰਵਰੀ 2000 ਤੋਂ ਟਿੱਕਰ ਚਿੰਨ੍ਹ IAG (ਕੌਮਨ ਸ਼ੇਅਰ) ਅਤੇ IAF (ਪ੍ਰੇਫਰਡ ਸ਼ੇਅਰ) ਦੇ ਤਹਿਤ ਸੂਚੀਬੱਧ ਹੈ।

**4 ਮਿਲੀਅਨ**
**ਤੋਂ ਵੱਧ ਗ੍ਰਾਹਕ**

**25,000**
**ਤੋਂ ਵੱਧ ਸਲਾਹਕਾਰ**

**7,700**
**ਤੋਂ ਵੱਧ ਕਰਮਚਾਰੀ**

**$611.2 ਮਿਲੀਅਨ**
**ਦੀ ਕੁੱਲ ਆਮਦਨ ਆਮ ਸ਼ੇਅਰਧਾਰਕਾਂ ਨੂੰ ਵੰਡੀ ਗਈ ਹੈ।**

**$14.1 ਬਿਲੀਅਨ**
**ਪ੍ਰੀਮੀਅਮਾਂ, ਪ੍ਰੀਮੀਅਮ ਦੇ ਬਰਾਬਰ ਅਤੇ ਡਿਪਾਜ਼ਿਟ**

**IAG ਸਟਾਕ ਪ੍ਰਦਰਸ਼ਨ**
**601%**
ਟੋਰਾਂਟੋ ਸਟਾਕ ਐਕਸਚੇਂਜ ਦੇ S&P/TSX ਬੈਂਚਮਾਰਕ ਇੰਡੈਕਸ ਦੇ 96% ਦੇ ਮੁਕਾਬਲੇ, 3 ਫਰਵਰੀ, 2000 ਨੂੰ iA Financial Group ਦੇ ਇੱਕ ਜਨਤਕ ਕੰਪਨੀ ਬਣਨ ਤੋਂ ਬਾਅਦ IAG ਸ਼ੇਅਰ ਦਾ ਵਾਧਾ।

**$197.5 ਬਿਲੀਅਨ**
ਪ੍ਰਬੰਧਨ ਅਧੀਨ ਸੰਪਤੀ (AUM)
ਅਤੇ ਪ੍ਰਸ਼ਾਸਨ (AUA)

**ਸੌਲਵੈਂਸੀ ਰੇਸ਼ੋ**
**130%**
**110% - 116%** ਟਾਰਗੇਟ ਰੇਂਜ ਤੋਂ ਉੱਪਰ

31 ਦਸੰਬਰ, 2018 ਤੱਕ ਦਾ ਡੇਟਾ, ਜਦੋਂ ਤੱਕ ਕੁਝ ਹੋਰ ਨਾ ਦਰਸਾਇਆ ਜਾਵੇ।


# ਇੱਕ ਵੱਡਾ ਫਾਇਦਾ:

## ਸਾਲਾਨਾ ਡਿਵਿਡੇਂਡ

iA PAR ਦੁਆਰਾ ਪੇਸ਼ ਕੀਤੀ ਗਈਆਂ ਕਈ ਗਾਰੰਟੀਆਂ ਤੋਂ ਇਲਾਵਾ, ਤੁਸੀਂ ਹਰ ਸਾਲ ਡਿਵਿਡੇਂਡ ਵੀ ਪ੍ਰਾਪਤ ਕਰ ਸਕਦੇ ਹੋ। ਇਹਨਾਂ ਡਿਵਿਡੇਂਡ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਚਾਰ ਵਿਕਲਪ ਉਪਲਬਧ ਹਨ। ਤੁਹਾਡੇ ਉਦੇਸ਼ਾਂ ਦੇ ਮੁਤਾਬਕ, ਤੁਸੀਂ ਇਹਨਾਂ ਦੀ ਵਰਤੋਂ ਆਪਣੇ ਜੀਵਨ ਬੀਮਾ ਕਵਰੇਜ ਅਤੇ ਕੁੱਲ ਨਕਦ ਮੁੱਲ ਨੂੰ ਹੋਰ ਵਧਾਉਣ ਲਈ ਕਰ ਸਕਦੇ ਹੋ, ਜਾਂ ਤੁਸੀਂ ਵਾਧੂ ਤਰਲਤਾ ਤੋਂ ਲਾਭ ਲੈ ਸਕਦੇ ਹੋ। ਜੇ ਤੁਹਾਡੀਆਂ ਲੋੜਾਂ ਵਧ ਜਾਂਦੀਆਂ ਹਨ, ਤਾਂ ਤੁਸੀਂ ਡਾਕਟਰੀ ਲੋੜਾਂ ਪੂਰੀਆਂ ਕੀਤੇ ਬਿਨਾਂ ਕਿਸੇ ਵੀ ਸਮੇਂ ਆਪਣਾ ਵਿਕਲਪ ਬਦਲ ਸਕਦੇ ਹੋ। ਨੋਟ ਕਰੋ ਕਿ ਡਿਵਿਡੇਂਡ ਹਰ ਸਾਲ ਵੱਖ ਵੱਖ ਹੋ ਸਕਦੇ ਹਨ ਅਤੇ ਇਸਦੀ ਗਰੰਟੀ ਨਹੀਂ ਹੁੰਦੀ।

### ਵਿਕਲਪ 1
### ਪੇਡ-ਅਪ ਐਡੀਸ਼ਨਸ

ਇਹ ਵਿਕਲਪ ਪੇਡ-ਅਪ ਬੀਮਾ ਕਵਰੇਜ ਦੀ ਖਰੀਦ ਲਈ ਡਿਵਿਡੇਂਡ ਦੇ ਕੇ ਆਪਣੀ ਸੰਪਤੀ ਦੇ ਵਾਧੇ ਨੂੰ ਵਧਾਉਣ ਵਿੱਚ ਸਹਾਇਤਾ ਕਰਦਾ ਹੈ। ਤੁਹਾਨੂੰ ਵੱਧ ਤੋਂ ਵੱਧ ਕਵਰੇਜ ਦਾ ਫਾਇਦਾ ਹੋਵੇਗਾ, ਤੁਹਾਡੇ ਵਾਰਸਾਂ ਲਈ ਲੰਬੇ ਸਮੇਂ ਲਈ ਵਧੇਰੇ ਮੁੱਲ ਪੈਦਾ ਕਰਨ ਦੇ ਨਾਲ-ਨਾਲ ਕੁੱਲ ਨਕਦੀ ਮੁੱਲ ਵਧੇਗਾ। ਜੇਕਰ ਤੁਸੀਂ ਇਕਰਾਰਨਾਮੇ ਦੇ ਜਾਰੀ ਹੋਣ 'ਤੇ ਇਸ ਡਿਵਿਡੇਂਡ ਭੁਗਤਾਨ ਵਿਕਲਪ ਦੀ ਚੋਣ ਕਰਦੇ ਹੋ, ਤਾਂ ਤੁਸੀਂ ਵਾਧੂ ਡਿਪਾਜ਼ਿਟ ਵਿਕਲਪ ਦਾ ਲਾਭ ਵੀ ਲੈ ਸਕਦੇ ਹੋ। ਇਸ ਤੋਂ ਇਲਾਵਾ, ਜੇਕਰ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ, ਤਾਂ ਪੇਡ-ਅਪ ਬੀਮਾ ਕਵਰੇਜ ਦੀ ਖਰੀਦ ਤੁਹਾਨੂੰ ਕੁੱਲ ਅਪਾਹਜਤਾ ਗਰੰਟੀ ਲਈ ਯੋਗ ਬਣਾਉਂਦੀ ਹੈ।




#### ਵਾਧੂ ਡਿਪਾਜ਼ਿਟ ਵਿਕਲਪ

ਇਹ ਵਿਕਾਸ ਐਕਸਲੇਟਰ ਤੁਹਾਨੂੰ ਡਿਵਿਡੇਂਡਾਂ ਦੁਆਰਾ ਪ੍ਰਾਪਤ ਕੀਤੇ ਗਏ ਭੁਗਤਾਨ ਤੋਂ ਇਲਾਵਾ ਪੇਡ-ਅਪ ਬੀਮਾ ਕਵਰੇਜ ਖਰੀਦਣ ਦੀ ਇਜਾਜ਼ਤ ਦਿੰਦਾ ਹੈ, ਇਸ ਤਰ੍ਹਾਂ ਜੀਵਨ ਬੀਮਾ ਰਕਮ ਅਤੇ ਕੁੱਲ ਨਕਦ ਮੁੱਲ ਹੋਰ ਵੀ ਤੇਜ਼ੀ ਨਾਲ ਵੱਧਦਾ ਹੈ। ਇੱਕ ਵਾਰ ਜਦੋਂ ਯੋਗਦਾਨ ਦਾ ਭੁਗਤਾਨ ਪਹਿਲੇ ਸਾਲ ਵਿੱਚ ਕਰ ਦਿੱਤਾ ਜਾਂਦਾ ਹੈ, ਤਾਂ ਇਹ ਅਗਲੇ ਸਾਲਾਂ ਲਈ ਇੱਕ ਨਿਯਤ ਅਧਿਕਾਰ ਬਣ ਜਾਂਦਾ ਹੈ। ਇਸ ਤਰ੍ਹਾਂ, ਤੁਸੀਂ ਡਾਕਟਰੀ ਲੋੜਾਂ ਪੂਰੀਆਂ ਕੀਤੇ ਬਿਨਾਂ, ਸਾਲਾਨਾ ਯੋਗਦਾਨ ਦੀ ਮਾਤਰਾ ਨੂੰ ਘਟਾਉਣ ਅਤੇ ਫਿਰ ਇਸਨੂੰ ਇੱਕ ਵਾਰ ਫਿਰ, ਇਸ ਅਧਿਕਤਮ ਰਕਮ ਤੱਕ, ਵਧਾਉਣ ਦੇ ਯੋਗ ਹੋ ਜਾਂਦੇ ਹੋ।

### ਵਿਕਲਪ 2
### ਸਾਲਾਨਾ ਪ੍ਰੀਮੀਅਮ ਕਟੌਤੀ

ਇਸ ਵਿਕਲਪ ਨਾਲ ਤੁਸੀਂ ਆਪਣੇ ਕਵਰੇਜ ਦੀ ਰਕਮ ਨੂੰ ਪ੍ਰਭਾਵਿਤ ਕੀਤੇ ਬਗੈਰ, ਆਪਣਾ ਡਿਵਿਡੇਂਡ ਪਾਕੇ ਆਪਣਾ ਸਾਲਾਨਾ ਪ੍ਰੀਮੀਅਮ ਘਟਾ ਸਕਦੇ ਹੋ।


### ਵਿਕਲਪ 3
### ਨਕਦ ਵਿੱਚ ਭੁਗਤਾਨ ਯੋਗ

ਤੁਸੀਂ ਆਪਣੇ ਸਾਲਾਨਾ ਡਿਵਿਡੇਂਡ ਨੂੰ ਸਿੱਧੇ ਨਕਦ ਵਿੱਚ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ। ਮੌਤ ਹੋਣ ਦੀ ਸਥਿਤੀ ਵਿਚ ਤੁਹਾਡੀ ਕਵਰੇਜ ਦੀ ਰਕਮ ਨੂੰ ਕਾਇਮ ਰੱਖਦੇ ਹੋਏ, ਤੁਹਾਨੂੰ ਇੱਕ ਵਾਧੂ ਫੰਡ ਦਾ ਸਰੋਤ ਪ੍ਰਦਾਨ ਕਰੇਗਾ। ਟੈਕਸ ਲੱਗ ਸਕਦੇ ਹਨ।

### ਵਿਕਲਪ 4
### ਵਿਆਜ ਨਾਲ ਡਿਪਾਜ਼ਿਟ

ਇਹ ਵਿਕਲਪ ਤੁਹਾਨੂੰ ਆਪਣੇ ਡਿਵਿਡੇਂਡ ਨੂੰ iA FINANCIAL GROUP ਦੁਆਰਾ ਪ੍ਰਬੰਧਤ ਬਚਤ ਖਾਤੇ ਵਿੱਚ ਵਿਆਜ ਦੇ ਨਾਲ ਜਮ੍ਹਾ ਕਰਨ ਦੀ ਆਗਿਆ ਦਿੰਦਾ ਹੈ। ਟੈਕਸ ਲੱਗ ਸਕਦੇ ਹਨ।





## ਹੋਰ ਕਵਰੇਜ ਉਪਲਬਧ ਹਨ

ਹੇਠਾਂ ਦਿੱਤੇ ਵਾਧੂ ਲਾਭ ਅਤੇ ਰਾਈਡਰ ਤੁਹਾਡੀ ਬੀਮਾ ਕਵਰੇਜ ਲਈ ਪੂਰਕ ਹਨ:

— 10 ਤੋਂ 30 ਸਾਲਾਂ ਦੀ ਮਿਆਦ ਲਈ, ਟਰਮ ਜੀਵਨ ਬੀਮੇ ਦੀ ਕਵਰੇਜ
— ਅਚਾਨਕ ਅਪਾਹਜ ਹੋਣ ਦੀ ਸਥਿਤੀ ਵਿੱਚ ਇੱਕ ਸਿਹਤ ਅਤੇ ਅਪਾਹਜਤਾ ਸੁਰੱਖਿਆ
— ਅਪਾਹਜਤਾ ਦੀ ਸਥਿਤੀ ਵਿੱਚ ਪ੍ਰੀਮੀਅਮਾਂ ਦੀ ਛੋਟ
— ਦੁਰਘਟਨਾਤਮਕ ਮੌਤ ਕਵਰੇਜ
— ਤੁਹਾਡੇ ਬੱਚੇ ਨੂੰ ਕਵਰ ਕਰਨ ਲਈ ਜੀਵਨ ਬੀਮਾ

## ਤੁਹਾਡੀ ਸੰਪਤੀ ਨੂੰ ਵਧਾਉਣ ਅਤੇ ਅਤੇ ਉਸ ਵਿਚ ਸੁਧਾਰ ਕਰਨ ਲਈ ਇੱਕ ਲਚਕਦਾਰ ਹੱਲ

ਇਕੱਠਾ ਕਰਨਾ

### ਆਪਣੇ ਬੱਚਿਆਂ ਜਾਂ ਪੋਤੇ-ਪੋਤੀਆਂ ਨੂੰ ਇੱਕ ਮਜਬੂਤ ਵਿੱਤੀ ਬੁਨਿਆਦ ਪ੍ਰਦਾਨ ਕਰੋ

ਉਹਨਾਂ ਨੂੰ ਜੀਵਨ ਬੀਮਾ ਕਵਰੇਜ ਤੋਂ ਲਾਭ ਲੈਣ ਦਿਓ ਜੋ 10 ਜਾਂ 20 ਸਾਲਾਂ ਬਾਅਦ ਭੁਗਤਾਨ ਕੀਤਾ ਜਾਂਦਾ ਹੈ ਅਤੇ ਜੀਵਨ ਭਰ ਵਧਦਾ ਰਹਿੰਦਾ ਹੈ। ਜੇਕਰ ਲੋੜ ਹੋਵੇ, ਤਾਂ ਉਹਨਾਂ ਕੋਲ ਉਹਨਾਂ ਦੇ ਪਾਲਿਸੀ ਨਕਦ ਮੁੱਲ ਦੇ ਕਾਰਨ ਤਰਲਤਾ ਦੇ ਸਰੋਤ ਤੱਕ ਪਹੁੰਚ ਹੋਵੇਗੀ। ਇਸ ਤੋਂ ਇਲਾਵਾ, ਤੁਸੀਂ ਛੋਟੀ ਉਮਰ ਤੋਂ ਉਨ੍ਹਾਂ ਦੀ ਬੀਮਾਯੋਗਤਾ ਦੀ ਰੱਖਿਆ ਕਰਦੇ ਹੋ।

iA PAR ਵੈਲਥ

### ਆਪਣੀ ਸੰਪਤੀ ਦੇ ਵਾਧੇ ਨੂੰ ਗਤੀ ਦਿਓ

ਤੁਹਾਡੀ ਸੰਪਤੀ ਵਿੱਚ ਵਿਭਿੰਨਤਾ ਲਿਆਉਣਾ, ਤੁਹਾਡੀ ਦੌਲਤ ਲਈ ਤੇਜ਼ੀ ਨਾਲ ਟੈਕਸ-ਸ਼ੈਲਟਰਡ ਵਾਧਾ ਪੈਦਾ ਕਰਨਾ ਅਤੇ ਤੁਹਾਡੀ ਸੰਪਤੀ ਮੁੱਲ ਦੀ ਰੱਖਿਆ ਕਰਨਾ। ਇਸ ਤੋਂ ਇਲਾਵਾ, ਇਹ ਜਾਣਦੇ ਹੋਏ ਨਿਵੇਸ਼ 'ਤੇ ਤੇਜ਼ ਰਿਟਰਨ ਪੈਦਾ ਕਰਨ ਕਿ ਤੁਹਾਡੀ ਪਾਲਿਸੀ ਦਾ ਨਕਦ ਮੁੱਲ ਕੁਝ ਸਾਲਾਂ ਬਾਅਦ ਅਦਾ ਕੀਤੇ ਗਏ ਤੁਹਾਡੇ ਸੰਚਤ ਪ੍ਰੀਮੀਅਮਾਂ ਤੋਂ ਵੱਧ ਜਾਵੇਗਾ। ਜਿਵੇਂ ਤੁਹਾਡੀਆਂ ਲੋੜਾਂ ਸਮੇਂ ਦੇ ਨਾਲ ਵਿਕਸਤ ਹੁੰਦੀਆ ਹਨ ਤੁਸੀਂ ਕੁਝ ਵਿੱਤੀ ਰਣਨੀਤੀਆਂ ਦੀ ਥਾਂ ਲੋੜੀਂਦੀ ਲਚਕਤਾ ਤੋਂ ਵੀ ਲਾਭ ਉਠਾ ਸਕਦੇ ਹੋ।

### ਆਪਣੀ ਰਿਟਾਇਰਮੈਂਟ ਆਮਦਨੀ ਨੂੰ ਪੂਰਕ ਬਣਾਉ

ਉਦਾਰ ਸੰਚਿਤ ਪਾਲਿਸੀ ਨਕਦ ਮੁੱਲ ਦੇ ਕਾਰਨ ਰਿਟਾਇਰਮੈਂਟ 'ਤੇ ਵਾਧੂ ਤਰਲਤਾ ਪ੍ਰਾਪਤ ਕਰੋ, ਜੋ ਤੁਹਾਨੂੰ ਕਿਸੇ ਰਿਣਦਾਤਾ ਤੋਂ ਟੈਕਸ-ਮੁਕਤ ਕਰਜ਼ੇ ਦੇ ਬਦਲੇ ਆਪਣੀ ਪਾਲਿਸੀ ਨੂੰ ਕੋਲੈਟਰਲ ਵਜੋਂ ਵਰਤਣ ਦੀ ਇਜਾਜ਼ਤ ਦੇਵੇਗਾ। ਤੁਸੀਂ ਆਪਣੇ ਡਿਵਿਡੈਂਡ ਭੁਗਤਾਨ ਵਿਕਲਪ ਨੂੰ ਸਾਲਾਨਾ ਪ੍ਰੀਮੀਅਮ ਕਟੌਤੀ ਵਿੱਚ ਬਦਲ ਕੇ ਮੌਕੇ 'ਤੇ ਆਪਣੇ ਪ੍ਰੀਮੀਅਮ ਭੁਗਤਾਨਾਂ ਨੂੰ ਖਤਮ ਕਰਨ ਦੀ ਯੋਜਨਾ ਵੀ ਬਣਾ ਸਕਦੇ ਹੋ। ਇਸ ਤੋਂ ਇਲਾਵਾ, ਤਰਲਤਾ ਦੇ ਇੱਕ ਵਾਧੂ ਸਰੋਤ ਤੱਕ ਪਹੁੰਚ ਲਈ ਨਕਦ ਡਿਵਿਡੈਂਡ ਭੁਗਤਾਨ ਵਿਕਲਪ ਵਿੱਚ ਭੁਗਤਾਨਯੋਗ ਵਿਕਲਪ ਚੁਣਨਾ ਹਮੇਸ਼ਾ ਸੰਭਵ ਹੁੰਦਾ ਹੈ।

### ਆਪਣੇ ਅਜੀਜ਼ਾਂ ਲਈ ਇੱਕ ਵੱਡੀ ਸੰਪਤੀ ਛੱਡੋ

ਆਪਣੇ ਜੀਵਨ ਕਾਲ ਦੌਰਾਨ ਆਪਣੀ ਦੌਲਤ ਦੇ ਵਾਧੇ ਨੂੰ ਯਕੀਨੀ ਬਣਾਓ ਅਤੇ ਤੁਹਾਡੀ ਮੌਤ ਹੋਣ ਦੀ ਸਥਿਤੀ ਵਿੱਚ ਆਪਣੇ ਅਜ਼ੀਜ਼ਾਂ ਲਈ ਆਪਣੀ ਕੁੱਲ ਸੰਪਤੀ ਮੁੱਲ ਵਿੱਚ ਵਾਧਾ ਪਾਓ। ਜਦੋਂ ਉਹ ਟੈਕਸ-ਮੁਕਤ ਮੌਤ ਹੋਣ ਤੇ ਲਾਭ ਪ੍ਰਾਪਤ ਕਰਦੇ ਹਨ, ਤਾਂ ਉਹ ਆਸਾਨੀ ਨਾਲ ਬਕਾਇਆ ਟੈਕਸ ਬਿੱਲ ਦਾ ਭੁਗਤਾਨ ਕਰਨ ਅਤੇ ਉੱਚ ਜਾਇਦਾਦ ਨੂੰ ਬਰਕਰਾਰ ਰੱਖਣ ਦੇ ਯੋਗ ਹੋਣਗੇ।



ਐਲਿਜ਼ਾਬੈਥ ਅਤੇ ਨਿਕੋਲਸ, ਉਮਰ 32 ਅਤੇ 34
ਇੰਜੀਨੀਅਰ

"ਇਹ ਜਾਣ ਕੇ ਦਿਲਾਸਾ ਹੁੰਦਾ ਹੈ ਕਿ ਸਾਡੀਆਂ ਧੀਆਂ ਦਾ ਵਿੱਤੀ ਭਵਿੱਖ ਸੁਰੱਖਿਅਤ ਹੈ।"



ਲਿਆਨ, ਉਮਰ 50
ਪ੍ਰੋਫੈਸਰ

"ਇੱਕ ਅਜਿਹਾ ਹੱਲ ਜੋ ਮੈਨੂੰ ਵਿਕਾਸ ਅਤੇ ਸੁਰੱਖਿਆ ਦੇ ਨਾਲ ਥੋੜੇ ਸਮੇਂ ਵਿੱਚ ਮੇਰੇ ਨਿਵੇਸ਼ 'ਤੇ ਵਾਧਾ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ।"



ਜਸਟਿਨ, ਉਮਰ 35 ਸਾਲ
ਦੰਦਾਂ ਦਾ ਡਾਕਟਰ

"ਮੇਰੀ ਪਾਲਿਸੀ ਦੇ ਨਕਦ ਮੁੱਲ ਤੋਂ ਤਰਲਤਾ ਤੱਕ ਪਹੁੰਚ ਮੈਨੂੰ ਦਰਮਿਆਨੇ ਅਤੇ ਲੰਮੇ ਸਮੇਂ ਲਈ ਬਹੁਤ ਸਾਰੀਆਂ ਸੰਭਾਵਨਾਵਾਂ ਪ੍ਰਦਾਨ ਕਰਦੀ ਹੈ।"



ਜੈਕਬ, ਉਮਰ 40 ਸਾਲ
ਫਿਜਿਸ਼ਿਅਨ

"ਇਹ ਜਾਣਨਾ ਕਿ ਮੇਰੀ ਸੰਪਤੀ ਸੁਰੱਖਿਅਤ ਹੈ ਅਤੇ ਮੇਰੇ ਅਜ਼ੀਜ਼ ਮੇਰੀ ਮੌਤ ਹੋਣ ਦੀ ਸਥਿਤੀ ਵਿੱਚ ਇੱਕ ਵੱਡੀ ਵਿਰਾਸਤ ਪ੍ਰਾਪਤ ਕਰਨ ਦੇ ਯੋਗ ਹੋਣਗੇ, ਇਹ ਜੀਵਨ ਦੀ ਇੱਕ ਵੱਡੀ ਉਪਲਬਧੀ ਹੈ।"

ਸਮਾਂ ▷

ਇਸ ਦਸਤਾਵੇਜ਼ ਵਿੱਚ ਦਰਸ਼ਾਏ ਗਏ ਕੇਸ ਕਾਲਪਨਿਕ ਹਨ ਅਤੇ ਦਿਖਾਈ ਗਈ ਜਾਣਕਾਰੀ ਸਿਰਫ ਵਿਆਖਿਆਤਮਕ ਉਦੇਸ਼ਾਂ ਲਈ ਹੈ।

# ਤੁਹਾਡੀ ਕੋਰਪੋਰੇਸ਼ਨ ਲਈ ਇੱਕ ਲਾਭਕਾਰੀ ਹੱਲ

## ਕਾਰੋਬਾਰੀ ਪ੍ਰੋਜੈਕਟਾਂ ਨੂੰ ਵਿੱਤ ਪ੍ਰਦਾਨ ਕਰਨ ਲਈ ਤਰਲਤਾ ਤੱਕ ਪਹੁੰਚ ਕਰੋ

ਆਪਣੀ ਕਾਰਪੋਰੇਸ਼ਨ ਦੀਆਂ ਬੀਮਾ ਲੋੜਾਂ ਨੂੰ ਪੂਰਾ ਕਰਨ ਲਈ, ਖਰੀਦ-ਵੇਚ ਸਮਝੌਤੇ ਲਈ ਵਿੱਤ ਪ੍ਰਦਾਨ ਕਰਨ ਲਈ  ਜਾਂ ਤੁਹਾਡੀ ਕੰਪਨੀ ਦੇ ਭਵਿੱਖ ਦੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਤਰਲਤਾ ਤੱਕ ਪਹੁੰਚ ਨੂੰ ਕਾਇਮ ਰੱਖਦੇ ਹੋਏ ਇੱਕ ਪ੍ਰਮੁੱਖ ਵਿਅਕਤੀ ਦਾ ਬੀਮਾ ਕਰਨ ਲਈ। ਜਦੋਂ ਲੋੜ ਹੋਵੇ, ਤੁਸੀਂ ਖਾਸ ਨਿਵੇਸ਼ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਆਪਣੀ ਪਾਲਿਸੀ ਦੇ ਨੱਕਦ ਮੁੱਲ ਦੀ ਵਰਤੋਂ ਕਰ ਸਕਦੇ ਹੋ।

iA PAR
ਵੈਲਥ

## ਤੁਹਾਡੀ ਉਪਲਬਧ ਤਰਲਤਾ ਨੂੰ ਘਟਾਏ ਬਿਨਾਂ ਸਥਾਈ ਬੀਮੇ ਤੋਂ ਲਾਭ ਉਠਾਓ

ਇਕਰਾਰਨਾਮੇ ਵਿੱਚ ਵੱਧ ਤੋਂ ਵੱਧ ਪ੍ਰੀਮੀਅਮ ਜਮ੍ਹਾਂ ਕਰੋ ਅਤੇ ਆਮਦਨ-ਕਮਾਈ ਵਾਲੀ ਸੰਪਤੀਆਂ ਵਿੱਚ ਮੁੜ ਨਿਵੇਸ਼ ਕਰਨ ਲਈ ਸਲਾਨਾ ਪ੍ਰੀਮੀਅਮ ਦੇ ਬਰਾਬਰ ਦੀ ਰਕਮ ਤੁਰੰਤ ਉਧਾਰ ਪ੍ਰਾਪਤ ਕਰੋ। ਪ੍ਰੋਜੈਕਟਾਂ ਦੇ ਵਿਕਾਸ ਦਾ ਸਮਰਥਨ ਕਰਨ ਲਈ ਤੁਹਾਡੀ ਕੰਪਨੀ ਦੀ ਤਰਲਤਾ ਨੂੰ ਸੁਰੱਖਿਅਤ ਰੱਖਦੇ ਹੋਏ ਤੁਹਾਨੂੰ ਲੋੜੀਂਦੀ ਸੁਰੱਖਿਆ ਤੋਂ ਲਾਭ ਹੋਵੇਗਾ।

## ਆਪਣੀ ਕੰਪਨੀ ਦੀ ਬੈਲੇਂਸ ਸ਼ੀਟ ਨੂੰ ਮਜਬੂਤੀ ਦਿਉ

ਸਥਾਈ ਬੀਮੇ ਤੋਂ ਲਾਭ ਪ੍ਰਾਪਤ ਕਰੋ ਜੋ ਆਮਦਨ ਟੈਕਸ ਨੂੰ ਘਟਾਉਂਦਾ ਹੈ, ਪੂੰਜੀ ਡਿਵਿਡੇਂਡ ਖਾਤੇ ਨਾਲ ਕੁੱਲ ਸੰਪਤੀ ਮੁੱਲ ਨੂੰ ਵਧਾਉਂਦਾ ਹੈ ਅਤੇ ਤੁਹਾਡੀ ਕੰਪਨੀ ਦੀ ਬੈਲੇਂਸ ਸ਼ੀਟ ਨੂੰ ਮਜਬੂਤ ਕਰਦਾ ਹੈ। ਤੁਹਾਡੀ ਪਾਲਿਸੀ ਦੇ ਨੱਕਦ ਮੁੱਲ ਨੂੰ ਤੁਹਾਡੀ ਕੰਪਨੀ ਦੀ ਬੈਲੇਂਸ ਸ਼ੀਟ 'ਤੇ ਇੱਕ ਸੰਪਤੀ ਦੇ ਰੂਪ ਵਿੱਚ ਮਾਨਤਾ ਦਿੱਤੀ ਜਾ ਸਕਦੀ ਹੈ ਅਤੇ, ਕੁਝ ਸਾਲਾਂ ਬਾਅਦ, ਇਸਦਾ ਵਾਧਾ ਤੁਹਾਡੀ ਵਿੱਤੀ ਸਥਿਤੀ ਨੂੰ ਮਜ਼ਬਤੀ ਪ੍ਰਦਾਨ ਕਰੇਗਾ ਅਤੇ ਤੁਹਾਨੂੰ ਤੁਹਾਡੀ ਆਮਦਨੀ ਸਟੇਟਮੈਂਟ ਵਿੱਚ ਰੇਵਿਨਯੂ ਜੋੜਨ ਦੀ ਇਜਾਜ਼ਤ ਦੇਵੇਗਾ।



ਕੈਥਰੀਨ, ਉਮਰ 45 ਸਾਲ
ਕਾਰੋਬਾਰ ਦੀ ਮਾਲਕਣ

“iA PAR ਮੇਰੇ ਕਾਰਜਾਂ ਦੀ ਤਰੱਕੀ ਦੇ ਨਾਲ ਅਨੁਕੂਲ ਹੋ ਜਾਂਦਾ ਹੈ ਅਤੇ ਇਸ ਦੇ ਨਾਲ ਮੈਂ ਆਪਣੀ ਜਾਇਦਾਦ ਨੂੰ ਵਧਾ ਸਕਾਂਗੀ।"



ਥੋਮੱਸ, ਉਮਰ 55 ਸਾਲ
ਰੀਅਲ ਅਸਟੇਟ ਡਿਵੈਲਪਰ

“ਤੁਰੰਤ ਫਾਈਨੈਂਸਿੰਗ ਵਿਵਸਥਾ ਮੈਨੂੰ ਆਪਣੀ ਕੰਪਨੀ ਦੀਆਂ ਉੱਚ ਇੱਛਾਵਾਂ ਦਾ ਸਮਰਥਨ ਕਰਨ ਲਈ ਕੰਪਨੀ ਵਿੱਚ ਉਪਲਬਧ ਤਰਲਤਾ ਤੋਂ ਵੰਚਿਤ ਕੀਤੇ ਬਿਨਾਂ ਮੈਨੂੰ ਲੋੜੀਂਦੀ ਸੁਰੱਖਿਆ ਪ੍ਰਦਾਨ ਕਰਦੀ ਹੈ।"



ਕੇਟ, ਉਮਰ 40
ਕਾਰੋਬਾਰ ਦੀ ਮਾਲਕਣ

"ਇਹ ਮੇਰੀ ਕੰਪਨੀ ਅਤੇ ਮੇਰੇ ਪਰਿਵਾਰ ਦੋਵਾਂ ਲਈ ਇੱਕ ਇੱਕ ਅਸਲ ਜੋੜਿਆ ਗਿਆ ਮੁੱਲ ਹੈ।"

## ਪਾਰਟਿਸਿਪੇਟਿੰਗ ਖਾਤਾ

ਪਾਰਟਿਸਿਪੇਟਿੰਗ ਖਾਤਾ ਗਾਹਕਾਂ ਦੁਆਰਾ ਉਹਨਾਂ ਦੇ ਪਾਰਟਿਸਿਪੇਟਿੰਗ ਇਕਰਾਰਨਾਮਿਆਂ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਫੰਡਾਂ ਨੂੰ ਇਕੱਠਾ ਕਰਦਾ ਹੈ। ਇਹ ਇੱਕ ਵਿਭਿੰਨ ਨਿਵੇਸ਼ ਖਾਤਾ ਹੈ ਜੋ ਸਾਡੀ ਇਨਵੈਸਟਮੈਂਟ ਮੈਨੇਜਮੈਂਟ ਟੀਮ ਦੁਆਰਾ ਪ੍ਰਬੰਧਤ ਕੀਤਾ ਜਾਂਦਾ ਹੈ। ਡਿਵਿਡੇਂਡ ਦੀ ਰਕਮ ਦੀ ਗਿਣਤੀ, ਹਿੱਸਾ ਲੈਣ ਵਾਲੇ ਖਾਤੇ ਦੀਆਂ ਵੱਖ ਵੱਖ ਐਸੇਟ ਕਲਾਸਾਂ ਦੀ ਰਿਟਰਨਾਂ  ਦੇ ਨਾਲ-ਨਾਲ ਮੌਤ, ਲੈਪਸ ਦੀ ਦਰ ਅਤੇ ਓਪਰੇਟਿੰਗ ਖਰਚਿਆਂ ਵਰਗੇ ਹੋਰ ਕਾਰਕਾਂ ਦੇ ਅਧਾਰ ’ਤੇ ਕੀਤੀ ਜਾਂਦੀ ਹੈ।

## IA ਇਨਵੈਸਟਮੈਂਟ ਮੈਨੇਜਮੈਂਟ (IAIM) ਬਾਰੇ ਜਾਣਕਾਰੀ

iA PAR ਦੀ ਚੋਣ ਕਰਨ ਦਾ ਅਰਥ ਹੈ ਇੰਡਸਟ੍ਰਿਅਲ ਅਲਾਇੰਸ ਇਨਵੈਸਟਮੈਂਟ ਮੈਨੇਜਮੈਂਟ ਇੰਕ. (iAIM) ਦਾ ਵਿਸ਼ਾਲ ਨਿਵੇਸ਼ ਪ੍ਰਬੰਧਨ ਅਨੁਭਵ ਅਤੇ ਮਹਾਰਥ ਤੋਂ ਲਾਭ ਉਠਾਉਣਾ।

iAIM, iA FINANCIAL GROUP ਦੀ ਪੂਰੀ ਮਲਕੀਅਤ ਵਾਲੀ ਇਕ ਸਹਾਇਕ ਕੰਪਨੀ ਹੈ ਜਿਸ ਵਿਚ 180 ਦੇ ਕਰੀਬ ਕਰਮਚਾਰੀ ਹਨ, ਜਿਨ੍ਹਾਂ ਵਿਚ 100 ਤੋਂ ਵੱਧ ਨਿਵੇਸ਼ ਪੇਸ਼ੇਵਰ ਅਤੇ 50 ਦੇ ਕਰੀਬ ਚਾਰਟਰਡ ਵਿੱਤੀ ਵਿਸ਼ਲੇਸ਼ਕ (CFAs) ਸ਼ਾਮਲ ਹਨ।

ਪਾਰਟਿਸਿਪੇਟਿੰਗ ਖਾਤੇ ਨੂੰ iAIM ਟੀਮ ਦੁਆਰਾ ਪ੍ਰਬੰਧਤ ਕੀਤਾ ਜਾਂਦਾ ਹੈ ਜੋ iA FINANCIAL GROUP ਦੇ ਪੂਰਨ ਐਸੇਟ ਪੋਰਟਫੋਲਿਓ ਦੇ ਪ੍ਰਬੰਧਨ ਲਈ ਜਿੰਮੇਵਾਰ ਹੈ। ਇਹ ਟੀਮ ਲਗਭਗ 45 ਬਿਲੀਅਨ ਡਾਲਰ ਦੀ ਐਸੇਟਸ ਦਾ ਪ੍ਰਬੰਧਨ ਕਰਦੀ ਹੈ, ਜਿਸ ਵਿੱਚ 10 ਬਿਲੀਅਨ ਡਾਲਰ ਤੋਂ ਵੱਧ ਵਿਕਲਪਕ ਸੰਪਤੀ ਸ਼ਾਮਲ ਹੈ। ਵਿਕਲਪਕ ਸੰਪਤੀ ਵਿੱਚ ਰੀਅਲ ਐਸਟੇਟ, ਨਿੱਜੀ ਕਰਜ਼, ਵਪਾਰਕ ਮੌਰਟਗੇਜ, ਇੰਫ੍ਰਾਸਟ੍ਰਕਚਰ ਨਿਵੇਸ਼ ਅਤੇ ਨਿੱਜੀ ਸ਼ੇਅਰ ਸ਼ਾਮਲ ਹਨ। ਟੀਮ ਦੇ ਪੋਰਟਫੋਲੀਓ ਪ੍ਰਬੰਧਕਾਂ ਨੂੰ iAIM ਵਿਚੋਂ ਬਹੁਤ ਸਾਰੀਆਂ ਟੀਮਾਂ ਦੀ ਮਹਾਰਥ ਦੁਆਰਾ ਸਹਿਯੋਗ ਕੀਤਾ ਜਾਂਦਾ ਹੈ, ਜਿਸ ਵਿੱਚ ਸ਼ੇਅਰ, ਬਾਂਡ, ਵਿਕਲਪਕ ਐਸੇਟਸ, ਐਸੇਟ ਐਲੋਕੇਸ਼ਨ, ਅਰਥਸ਼ਾਸਤਰ ਅਤੇ ਜੋਖਮ ਪ੍ਰਬੰਧਨ ਵਿੱਚ ਬਹੁਤ ਸਾਰੇ ਤਜ਼ਰਬੇਕਾਰ ਪ੍ਰਬੰਧਕ ਸ਼ਾਮਲ ਹੁੰਦੇ ਹਨ।





## ਤੁਸੀਂ IA FINANCIAL GROUP ਤੇ ਭਰੋਸਾ ਕਰ ਸਕਦੇ ਹੋ!

ਵਿਕਾਸ ਦੇ ਇੱਕ ਮਜ਼ਬੂਤ ਇਤਿਹਾਸ ਦੇ ਸਮਰਥਨ ਦੇ ਨਾਲ, iA FINANCIAL GROUP ਆਪਣੀ ਮਜ਼ਬੂਤੀ, ਅਨੁਸ਼ਾਸਨ ਅਤੇ ਸਥਿਰਤਾ ਲਈ ਮੰਨਿਆ ਜਾਂਦਾ ਹੈ।

### ਮਜ਼ਬੂਤੀ

iA PAR ਦੀ ਚੋਣ ਕਰਨ ਦਾ ਅਰਥ ਹੈ iA FINANCIAL GROUP ਦੀ ਮਜ਼ਬੂਤੀ ਤੋਂ ਲਾਭ ਪ੍ਰਾਪਤ ਕਰਨਾ, ਜਿਨਾਂ ਕੋਲ ਬੀਮਾ ਅਤੇ ਦੌਲਤ ਪ੍ਰਬੰਧਨ ਉਦਯੋਗ ਵਿਚ ਸੌ ਸਾਲਾਂ ਤੋਂ ਵੱਧ ਦਾ ਤਜ਼ਰਬਾ ਹੈ। ਸਾਡਾ ਸਮੂਹ ਕੈਨੇਡਾ ਦੇ ਸਭ ਤੋਂ ਵੱਡੇ ਸਮੂਹਾਂ ਵਿੱਚੋਂ ਇੱਕ ਹੈ ਅਤੇ ਸਾਡੀ ਵਿੱਤੀ ਤਾਕਤ ਸਾਡੇ ਇਰਾਦਿਆਂ ਨੂੰ ਉਤਸ਼ਾਹਿਤ ਕਰਦੀ ਹੈ।.

### ਅਨੁਸ਼ਾਸਨ

ਅਸੀਂ ਸਲਾਨਾ ਡਿਵਿਡੇਂਡਾਂ ਰਾਹੀਂ ਤੁਹਾਡੀ ਜਾਇਦਾਦ ਨੂੰ ਵਧਾਉਣ ਲਈ ਸਖ਼ਤ ਮਿਹਨਤ ਕਰਦੇ ਹਾਂ। iA ਇਨਵੈਸਟਮੈਂਟ ਮੈਨੇਜਮੈਂਟ ਵਿਖੇ ਸਾਡੀ ਮਾਹਰ ਟੀਮ ਦੁਆਰਾ ਤੁਹਾਡੇ  ਪ੍ਰੀਮੀਅਮ ਪ੍ਰਬੰਧਿਤ ਭਾਗੀਦਾਰ ਖਾਤੇ ਵਿਚ ਲਗਾਏ ਜਾਂਦੇ ਹਨ। ਉਨ੍ਹਾਂ ਦਾ ਮਕਸਦ ਬਹਿਤਰ, ਸਥਿਰ ਲੰਬੀ ਮਿਆਦ ਦੀ ਰਿਟਰਨ ਪੈਦਾ ਕਰਨਾ ਹੈ।

ਸਾਡੀ ਅਨੁਸ਼ਾਸਤ, ਮਾਹਰ ਟੀਮ ਤੁਹਾਡੇ ਨਿਵੇਸ਼ਾਂ ਦੇ ਵਾਧੇ ਨੂੰ ਵਧਾਉਣ ਅਤੇ ਤੁਹਾਨੂੰ ਇੱਕ ਮਜ਼ਬੂਤ, ਯੋਜਨਾਬੱਧ ਵਿੱਤੀ ਭਵਿੱਖ ਦੇਣ ਵਿੱਚ ਸਹਾਇਤਾ ਕਰਨ ਲਈ ਹਿੱਸਾ ਲੈਣ ਵਾਲੇ ਖਾਤੇ ਦਾ ਪ੍ਰਬੰਧਨ ਕਰਦੀ ਹੈ।

### ਸਥਿਰਤਾ

ਕੀ ਤੁਸੀਂ ਆਪਣੇ ਨਿਵੇਸ਼ਾਂ ਵਿਚ ਵਿਭਿੰਨਤਾ ਕਰਨ ਬਾਰੇ ਸੋਚ ਰਹੇ ਹੋ, ਜੋ ਸਥਿਰਤਾ ਪ੍ਰਦਾਨ ਕਰਦੀ ਹੋਵੇ? ਪਾਰਟਿਸਿਪੇਟਿੰਗ ਖਾਤਾ, ਸੰਪਤੀ  ਦੀਆਂ ਕਿਸਮਾਂ ਦੇ ਅਨੁਕੂਲ ਵਿਭਿੰਨਤਾ ਦੇ ਨਾਲ ਨਾਲ ਇੱਕ ਨਿਰਵਿਘਨ ਤਕਨੀਕ ਦੁਆਰਾ ਲਾਭ ਪ੍ਰਾਪਤ ਕਰਦਾ ਹੈ ਜੋ ਲੰਬੇ ਸਮੇਂ ਦੀ ਸਥਿਰਤਾ ਦੇ ਪੱਖ ਵਿੱਚ ਪਰਿਵਰਤਨਾਂ ਨੂੰ ਕਮਜ਼ੋਰ ਕਰਦਾ ਹੈ। ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਅਸੀਂ ਇਕ ਸੂਝਵਾਨ, ਸੰਤੁਲਿਤ ਪਹੁੰਚ ਦੀ ਵਰਤੋਂ ਕਰਦੇ ਹਾਂ।

# ਸਰਲ ਅਰਜੀ ਅਤੇ ਤੁਰੰਤ ਫੈਸਲਾ

iA PAR ਖਰੀਦਣਾ ਇਸ ਤੋਂ ਸੌਖਾ ਨਹੀਂ ਹੋ ਸਕਦਾ। ਤੁਸੀਂ ਸਿਰਫ਼ ਕੁਝ ਸਧਾਰਨ ਸਿਹਤ ਸਵਾਲਾਂ ਦੇ ਜਵਾਬ ਦੇ ਕੇ 2 ਮਿਲਿਅਨ ਡਾਲਰਾਂ ਤੱਕ ਦੀ ਕਵਰੇਜ ਪ੍ਰਾਪਤ ਕਰ ਸਕਦੇ ਹੋ, ਅਤੇ ਤੁਸੀਂ ਬਿਨਾਂ ਕਿਸੇ ਡਾਕਟਰੀ ਲੋੜਾਂ ਦੇ ਤੁਰੰਤ ਸਵੀਕ੍ਰਿਤੀ ਲਈ ਯੋਗ ਹੋ ਸਕਦੇ ਹੋ[2]! ਸਾਰੀ ਪ੍ਰਕਿਰਿਆ ਸਧਾਰਨ, ਤੇਜ਼ ਅਤੇ ਝੰਝਟ ਰਹਿਤ ਹੈ।

ਪਾਰਟਿਸਿਪੇਟਿੰਗ ਜੀਵਨ ਬੀਮੇ ਦੀ ਤੁਰੰਤ ਖਰੀਦ ਲਈ, iA Financial Group ਮਿਆਰ ਨਿਰਧਾਰਤ ਕਰਦਾ ਹੈ!

[2] 18 ਤੋਂ 50 ਸਾਲ ਦੇ ਗਾਹਕਾਂ ਲਈ ਮੈਡੀਕਲ ਜ਼ਰੂਰਤਾਂ ਯੋਜਨਾਬੱਧ ਨਹੀਂ ਹਨ।

# ਹੋਰ ਜਾਣਕਾਰੀ ਲਈ


iA PAR ਦੇ ਪੂਰੇ ਵੇਰਵਿਆਂ ਲਈ ਸਾਡੀ ਵੈਬਸਾਈਟ ਵੇਖੋ ਅਤੇ ਆਪਣੇ ਵਿੱਤੀ ਸੁਰੱਖਿਆ ਸਲਾਹਕਾਰ ਨਾਲ ਗੱਲਬਾਤ ਕਰੋ! ਤੁਹਾਡਾ ਸਲਾਹਕਾਰ ਤੁਹਾਡੀ ਦੌਲਤ ਦੀ ਰਾਖੀ ਲਈ ਸਭ ਤੋਂ ਵਧੀਆ ਵਿਕਲਪ ਬਾਰੇ ਫੈਸਲਾ ਲੈਣ ਵਿੱਚ ਤੁਹਾਡੀ ਸਹਾਇਤਾ ਕਰੇਗਾ।



### iA Financial Group – ਇੱਕ ਮਜਬੂਤ, ਭਰੋਸੇਯੋਗ ਕੰਪਨੀ ਹੈ।

ਬੀਮਾ ਅਤੇ ਦੌਲਤ ਪ੍ਰਬੰਧਨ ਦੇ ਕਾਰੋਬਾਰਾਂ ਵਿੱਚ 125 ਸਾਲਾਂ ਦੇ ਇਤਿਹਾਸ ਦੇ ਨਾਲ iA Financial Group ਇੱਕ ਅਜਿਹਾ ਨਾਮ ਹੈ ਜੋ ਆਪਣੇ ਗਾਹਕਾਂ ਲਈ ਵਿਸ਼ਵਾਸ ਨੂੰ ਪ੍ਰੇਰਿਤ ਕਰਦਾ ਹੈ। 1892 ਵਿੱਚ ਸਥਾਪਿਤ ਗਾਹਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ iA ਹਮੇਸ਼ਾਂ ਆਪਣੇ ਅਭਿਆਸਾਂ ਅਤੇ ਉਤਪਾਦਾਂ ਦੀ ਪੇਸ਼ਕਸ਼ ਨੂੰ ਬਦਲਦੀ ਮਾਰਕੀਟ ਦੀਆਂ ਜ਼ਰੂਰਤਾਂ ਦੇ ਅਨੁਕੂਲ ਬਣਾਉਣ ਵਿੱਚ ਸਫਲ ਰਹੀ ਹੈ।

ਸਾਡਾ ਉਦੇਸ਼ ਸਾਡੇ ਗਾਹਕਾਂ ਨੂੰ ਉਨ੍ਹਾਂ ਦੇ ਨਿੱਜੀ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਲਈ ਉਨ੍ਹਾਂ ਨੂੰ ਨਿੱਜੀ ਬੀਮਾ ਕਵਰੇਜ ਅਤੇ ਨਿਵੇਸ਼ ਦੇ ਹੱਲ ਪੇਸ਼ ਕਰਕੇ ਉਨ੍ਹਾਂ ਦੀ ਵਿੱਤੀ ਭਲਾਈ ਨੂੰ ਯਕੀਨੀ ਬਣਾਉਣਾ ਹੈ।



F13-1073C(21-10) ACC

**INVESTED IN YOU.**

iA Financial Group, **Industrial Alliance Insurance ਅਤੇ Financial Services Inc.** ਦੇ ਵਪਾਰ ਦਾ ਨਾਮ ਅਤੇ ਟ੍ਰੇਡਮਾਰਕ ਹੈ।

1-844-442-4636

**ia.ca**